# ਸੰਵਾਦ ਪੱਤਰ

## ਸਤੰਬਰ ਦਾ ਮਹੀਨਾ ਰਾਸ਼ਟਰੀ ਤਿਆਰੀ ਦਾ ਹੁੰਦਾ ਹੈ

**2024 ਲਈ, FEMA ਦੀ ਰਾਸ਼ਟਰੀ ਤਿਆਰੀ ਦਾ ਫੋਕਸ ਸਾਡੇ ਏਸ਼ੀਆਈ ਅਮਰੀਕੀ, ਮੂਲ ਹਵਾਈ ਜਾਂ ਪੈਸੀਫਿਕ ਆਈਲੈਂਡਰ ਭਾਈਚਾਰਿਆਂ 'ਤੇ ਹੈ**






FEMA ਵੱਲੋਂ ਆਪਣੀ ਤਿਆਰੀ ਦੀ ਸਮੱਗਰੀ ਨੂੰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਉਪਲੱਬਧ ਕਰਵਾਇਆ ਗਿਆ ਹੈ। ਇਸ ਜਾਣਕਾਰੀ ਨੂੰ ਸਾਂਝਾ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ

ਕਿਰਪਾ ਕਰਕੇ FEMA ਦੇ ਸੁਨੇਹੇ ਨੂੰ ਦੇਖੋ ਜਿਸ ਵਿੱਚ ਆਫ਼ਤਾਂ ਅਤੇ ਸੰਕਟਕਾਲਾਂ ਲਈ ਤਿਆਰੀ ਕਰਨ ਲਈ ਇਨ੍ਹਾਂ ਵਿਭਿੰਨ ਭਾਈਚਾਰਿਆਂ ਦੀ ਮਹੱਤਤਾ ਬਾਰੇ ਦੱਸਿਆ ਗਿਆ ਹੈ।




- ਜਾਣੋ ਕਿ ਤੁਹਾਡੇ ਵੱਖ ਹੋ ਜਾਣ 'ਤੇ ਤੁਸੀਂ ਇੱਕ ਦੂਜੇ ਨੂੰ ਦੁਬਾਰਾ ਮਿਲਣ ਲਈ ਕਿਵੇਂ ਸੰਪਰਕ ਕਰੋਗੇ।
- ਇੱਕ ਪਰਿਵਾਰਕ ਮੀਟਿੰਗ ਸਥਾਨ ਦੀ ਸਥਾਪਨਾ ਕਰੋ, ਜਿਸ ਬਾਰੇ ਪਤਾ ਹੋਵੇ ਅਤੇ ਲੱਭਣ ਵਿੱਚ ਆਸਾਨ ਹੋਵੇ।
- ਆਪਣੇ ਪਰਿਵਾਰ ਦੀਆਂ ਖਾਸ ਲੋੜਾਂ ਬਾਰੇ ਸੋਚਣਾ ਨਾ ਭੁੱਲੋ (ਜੋ ਸਮੇਂ ਦੇ ਨਾਲ ਬਦਲ ਸਕਦੀਆਂ ਹਨ)।
- ਨਿਯਮਿਤ ਤੌਰ 'ਤੇ ਆਪਣਾ ਪਲਾਨ ਅੱਪਡੇਟ ਕਰੋ।









**ਇੱਥੇ ਭੂਚਾਲ ਸੁਰੱਖਿਆ ਲਈ ਭੂਚਾਲ ਵਾਲੇ ਦੇਸ਼ ਦੇ ਅਲਾਇੰਸ ਦੇ 7 ਪੜਾਵਾਂ ਬਾਰੇ ਜਾਣੋ**

# ਆਪਣੀ ਰਫ਼ਤਾਰ ਨੂੰ "ਠੱਲ ਪਾਓ" ਕਰੋ - ਟ੍ਰੈਫਿਕ ਸੁਰੱਖਿਆ ਕਿਉਂਕਿ ਸਕੂਲ ਖੁੱਲ੍ਹ ਗਏ ਹਨ




ਸਕੂਲ ਜ਼ੋਨਾਂ ਵਿੱਚ ਟ੍ਰੈਫਿਕ ਵਾਪਸ ਆਉਣ ਦੇ ਨਾਲ, ਹਰ ਕਿਸੇ ਲਈ ਸੁਚੇਤ ਰਹਿਣਾ, ਨਿਮਰਤਾ ਨਾਲ ਰਹਿਣਾ ਮਹੱਤਵਪੂਰਨ ਹੈ।




ਸਕੂਲੀ ਜ਼ੋਨਾਂ ਵਿੱਚ ਸਾਵਧਾਨੀ ਨਾਲ ਗੱਡੀ ਚਲਾਓ, ਖਾਸ ਕਰਕੇ ਲੈਣ ਅਤੇ ਛੱਡਣ ਦੇ ਸਮਿਆਂ ਦੌਰਾਨ। ਇਸ ਵਿੱਚ ਇਹ ਯਾਦ ਰੱਖਣਾ ਸ਼ਾਮਲ ਹੈ ਕਿ ਸਕੂਲੀ ਬੱਸਾਂ ਦੇ ਆਲੇ-ਦੁਆਲੇ ਹੋਣ ਵੇਲੇ ਕਿਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਹੈ।

ਸਭ ਤੋਂ ਸੁਰੱਖਿਅਤ ਕਾਰਵਾਈ ਹੈ ਤੁਹਾਡੇ ਵੱਲੋਂ ਕਿਸੇ ਸਟਾਪ ਸਾਈਨ ਅਤੇ ਚਮਕਦੀ ਲਾਲ ਬੱਤੀਆਂ ਵਾਲੀ ਸਕੂਲ ਬੱਸ ਦੇ ਨੇੜੇ ਤੇੜੇ ਹੋਣ 'ਤੇ ਕਾਰ ਨੂੰ ਰੋਕਣਾ। ਉਸ ਸਮੇਂ ਸਕੂਲੀ ਬੱਸ ਵਿੱਚ ਵਿਦਿਆਰਥੀ ਚੜ੍ਹ-ਉੱਤਰ ਰਹੇ ਹੁੰਦੇ ਹਨ।



## ਜੰਗਲ ਦੀ ਅੱਗ ਲਈ ਤਿਆਰ ਰਹੋ

## ਇਸ ਮਹੀਨੇ ਦਾ ਫੋਕਸ: ਨਿਕਾਸੀਆਂ






**ਪਹਿਲਾਂ ਤੋਂ ਤਿਆਰੀ:** ਇੱਕ ਗੋ-ਬੈਗ ਤਿਆਰ ਕਰੋ ਅਤੇ ਇੱਕ ਨਿਕਾਸੀ ਪਲਾਨ ਬਣਾਓ



**ਬਾਅਦ ਵਿੱਚ:** ਸਥਾਨਕ ਅਧਿਕਾਰੀਆਂ ਵੱਲੋਂ ਸੁਰੱਖਿਅਤ ਹੋਣ ਦੀ ਪੁਸ਼ਟੀ ਕਰਨ 'ਤੇ ਘਰ ਵਾਪਸੀ ਕਰੋ।





**ਇਸ ਦੌਰਾਨ:** ਜਲਦੀ ਜਾਣ ਨਾਲ, ਤੁਸੀਂ ਆਪਣੇ ਪਰਿਵਾਰ ਨੂੰ ਜੰਗਲ ਦੀ ਅੱਗ ਤੋਂ ਬਚਣ ਦਾ ਸਭ ਤੋਂ ਵਧੀਆ ਮੌਕਾ ਦੇਵੋਗੇ। ਤੁਸੀਂ ਸੜਕਾਂ ਨੂੰ ਭੀੜ-ਭੜੱਕੇ ਤੋਂ ਮੁਕਤ ਕਰ ਕੇ ਅੱਗ ਬੁਝਾਉਣ ਵਾਲਿਆਂ ਦੀ ਵੀ ਮਦਦ ਕਰਦੇ ਹੋ।

### ਤੁਰੰਤ ਨਿਕਾਸੀ ਦੀ ਲੋੜ ਹੋਣ 'ਤੇ

**ਇਨ੍ਹਾਂ "6 p' ਸ਼ਬਦ ਵਾਲੀਆਂ ਚੀਜ਼ਾਂ ਨੂੰ ਨਾਲ ਲਿਜਾਓ:**

ਲੋਕ (**P**eople) ਅਤੇ ਪਾਲਤੂ ਜਾਨਵਰ (pets)
ਕਾਗਜ਼ (**P**apers), ਫ਼ੋਨ ਨੰਬਰ, ਮਹੱਤਵਪੂਰਨ ਦਸਤਾਵੇਜ਼
ਤਜਵੀਜ਼ ਕੀਤੀ ਦਵਾਈ (**P**rescriptions), ਵਿਟਾਮਿਨ ਅਤੇ ਅੱਖਾਂ ਦੇ ਚਸ਼ਮੇ, ਤਸਵੀਰਾਂ (**P**ictures) ਅਤੇ ਨਾ-ਬਦਲਣਯੋਗ ਯਾਦਗਾਰੀ ਚੀਜ਼ਾਂ ਪਰਸਨਲ ਕੰਪਿਊਟਰ (**P**ersonal computer), ਥੰਬ ਡਰਾਈਵ ਪਲਾਸਟਿਕ (**P**lastic) (ਕ੍ਰੈਡਿਟ/ ਡੈਬਿਟ ਕਾਰਡ) ਅਤੇ ਨਕਦ ਕੈਸ਼

**WWW.LAFD.ORG/QUICK-EVACUATION -TIPS**
**'ਤੇ ਜੰਗਲੀ ਅੱਗ-ਵਿਸ਼ੇਸ਼ ਨਿਕਾਸੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ**